# ਦਫ਼ਤਰ : ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ

ਕਮਰਾ ਨੰ. 225-ਈ-227-ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ dlobti.pblanguages@gmail.com


ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.),

ਬਠਿੰਡਾ।

ਪੱਤਰ ਨੰ:2022/ 260 (ਭਾ) ਮਿਤੀ: 1/08/2022

**ਵਿਸ਼ਾ: ਪੰਜਾਬੀ/ਹਿੰਦੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ 2022-23 ਕਰਵਾਉਣ ਸੰਬੰਧੀ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੀ ਰਹਿਨੁਮਾਈ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ ਵੱਲੋਂ ਪੰਜਾਬੀ/ਹਿੰਦੀ ਸਾਹਿਤ ਸਿਰਜਣ(ਲੇਖ ਰਚਨਾ,ਕਹਾਣੀ ਰਚਨਾ ਅਤੇ ਕਵਿਤਾ ਰਚਨਾ) ਅਤੇ ਕਵਿਤਾ ਗਾਇਨ (ਪੰਜਾਬੀ/ਹਿੰਦੀ) ਮੁਕਾਬਲੇ 2022-23 ਮਿਤੀ 22 ਅਗਸਤ,2022 ਤੋਂ 26 ਅਗਸਤ, 2022 ਤੱਕ (ਅਨੁਮਾਨਿਤ) ਕਰਵਾਉਣ ਦੀ ਤਜਵੀਜ਼ ਹੈ ਜਿਸ ਵਿੱਚ ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਇਸ ਸੰਬੰਧੀ ਨਿਯਮਾਂ ਦੀ ਕਾਪੀ, ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਦਾ ਵੇਰਵਾ ਅਤੇ ਐਂਟਰੀ ਫਾਰਮ ਇਸ ਪੱਤਰ ਨਾਲ ਨੱਥੀ ਕਰਕੇ ਭੇਜੇ ਜਾ ਰਹੇ ਹਨ। ਸੰਬੰਧਤ ਸਕੂਲ ਵਿਦਿਆਰਥੀਆਂ ਦੇ ਐਂਟਰੀ ਫਾਰਮ ਸਕੂਲ ਮੁਖੀ ਵੱਲੋਂ ਤਸਦੀਕਸ਼ੁਦਾ ਕਾਪੀ ਸਮੇਤ ਜ਼ਿਲ੍ਹਾ ਭਾਸ਼ਾ ਵਿਭਾਗ ਦੀ ਈ-ਮੇਲ dlobti.pblanguages@gmail.com 'ਤੇ ਮਿਤੀ 12 ਅਗਸਤ,2022 ਸ਼ਾਮ 5.00 ਵਜੇ ਤੱਕ ਭੇਜ ਸਕਦੇ ਹਨ। ਇਸ ਮਿਤੀ ਤੋਂ ਬਾਅਦ ਪ੍ਰਾਪਤ ਐਂਟਰੀ ਫਾਰਮਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਮੁਕਾਬਲਿਆਂ ਲਈ ਪੱਕੀ ਮਿਤੀ ਅਤੇ ਸਥਾਨ ਬਾਬਤ ਸਕੂਲ ਮੁਖੀਆਂ ਨੂੰ ਈ-ਮੇਲ ਰਾਹੀਂ ਇਤਲਾਹ ਕਰ ਦਿੱਤੀ ਜਾਵੇਗੀ। ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਇਹ ਪੱਤਰ ਸਮੂਹ ਸਕੂਲ ਮੁਖੀਆਂ ਨੂੰ ਜਾਰੀ ਕਰਕੇ ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਲਿਖ ਦਿੱਤਾ ਜਾਵੇ ਤਾਂ ਜੋ ਵਿਦਿਆਰਥੀਆਂ ਵਿੱਚ ਆਪਣੀ ਮਾਤ-ਭਾਸ਼ਾ ਅਤੇ ਰਾਸ਼ਟਰ-ਭਾਸ਼ਾ ਲਈ ਰੁਚੀ ਨੂੰ ਵਧਾਇਆ ਜਾ ਸਕੇ। ਧੰਨਵਾਦ ਸਹਿਤ।

**(ਕਿਰਪਾਲ ਸਿੰਘ)**

**ਜ਼ਿਲ੍ਹਾ ਭਾਸ਼ਾ ਅਫ਼ਸਰ**

**ਬਠਿੰਡਾ।**

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ: ਜੀ-1/1(1)2022/17468 ਮਿਤੀ: 01/08/2022
ਉਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਸਕੂਲ ਮੁਖੀਆਂ (ਸ./ਏਡਿਡ/ਪ੍ਰਾਈਵੇਟ) ਨੂੰ ਈ-ਮੇਲ ਰਾਹੀਂ ਸੂਚਨਾ ਹਿੱਤ ਭੇਜਿਆ [illegible]

1/8/22

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ
ਜ:ਕੌਰ

## ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

## ਪੰਜਾਬੀ ਅਤੇ ਹਿੰਦੀ ਕਵਿਤਾ ਗਾਇਨ ਮੁਕਾਬਲੇ ਦੇ ਨਿਯਮ

1. **ਪਾਤਰਤਾ**
   1. ਮੁਕਾਬਲੇ ਜ਼ਿਲਾ ਪੱਧਰ ਤੇ ਸ਼ੁਰੂ ਹੋਣਗੇ।
   2. ਹਰੇਕ ਜ਼ਿਲ੍ਹੇ ਵਿਚ ਕੇਵਲ ਉਸ ਜ਼ਿਲ੍ਹੇ ਦੇ ਮੈਟ੍ਰਿਕ ਕਲਾਸਾਂ ਤੱਕ ਦੇ ਵਿਦਿਆਰਥੀ ਹੀ ਭਾਗ ਲੈ ਸਕਣਗੇ। ਪ੍ਰਮਾਣ ਵਜੋਂ ਪੇਸ਼ ਕੀਤਾ ਜਾਣ ਵਾਲਾ ਸਰਟੀਫਿਕੇਟ ਸਕੂਲ ਦੇ ਮੁੱਖੀ ਦੁਆਰਾ ਤਸਦੀਕ ਕੀਤਾ ਹੋਣਾ ਚਾਹੀਦਾ ਹੈ। ਹਰੇਕ ਸੰਸਥਾ ਇਕ ਵਿਧਾ(ਕਵਿਤਾ, ਕਹਾਣੀ, ਲੇਖ/ਕਵਿਤਾ ਗਾਇਨ) ਵਿੱਚ ਕੇਵਲ ਦੋ ਵਿਦਿਆਰਥੀ ਭੇਜ ਸਕਦੀ ਹੈ। ਹਿੰਦੀ ਕਵਿਤਾ ਗਾਇਨ ਵਿਚ ਦਸਵੀਂ ਤੱਕ ਦੇ ਵਿਦਿਆਰਥੀ ਹੀ ਭਾਗ ਲੈਣ ਦੇ ਯੋਗ ਹੋਣਗੇ।
   3. ਇਸ ਮੰਤਵ ਲਈ ਚੰਡੀਗੜ੍ਹ ਨੂੰ ਇਕ ਜ਼ਿਲ੍ਹਾ ਤਸੱਵਰ ਕੀਤਾ ਜਾਵੇਗਾ। ਪੰਜਾਬ ਰਾਜ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਬਾਹਰ ਰਹਿਣ ਵਾਲੇ ਵਿਦਿਆਰਥੀ ਮੁਕਾਬਲੇ ਵਿਚ ਭਾਗ ਨਹੀਂ ਲੈ ਸਕਦੇ।
   4. ਜ਼ਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ ਵਿਚ ਹਿੱਸੇ ਲੈਣਗੇ।

2. **ਐਂਟਰੀ ਫਾਰਮ**
   1. ਐਂਟਰੀ ਫਾਰਮ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ/ਇੰਚਾਰਜ, ਪੰਜਬੀ ਸੈੱਲ, ਮਿੰਨੀ ਸਕੱਤਰੇਤ, ਚੰਡੀਗੜ੍ਹ ਜਾਂ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਦੇ ਦਫ਼ਤਰ ਤੋਂ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ।
   2. ਐਂਟਰੀ ਨਿਸ਼ਚਿਤ ਫਾਰਮ ਉਤੇ ਹਰ ਪੱਖੋਂ ਮੁਕੰਮਲ ਹੋਣੀ ਚਾਹੀਦੀ ਹੈ। ਨਾ ਮੁਕੰਮਲ ਅਤੇ ਅਧੂਰੇ ਫਾਰਮਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
   3. ਅੰਤਿਮ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਐਂਟਰੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

3. **ਪਰਵਾਨਿਤ ਕਵੀ**
   1. ਪੰਜਾਬੀ ਕਵਿਤਾ ਗਾਇਨ: ਨੰਦ ਲਾਲ ਨੂਰਪੁਰੀ, ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਕਰਤਾਰ ਸਿੰਘ ਬਲੱਗਣ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ, ਗੁਰਭਜਨ ਗਿੱਲ, ਸੁਲੱਖਣ ਸਰਹੱਦੀ, ਗੁਰਤੇਜ ਕੋਹਾਰਵਾਲਾ, ਮਨਜੀਤ ਇੰਦਰਾ ਦੀਆਂ ਕਵਿਤਾਵਾਂ ਗਾਉਣ ਦੀ ਹੀ ਆਗਿਆ ਦਿੱਤੀ ਜਾਵੇਗੀ।
   2. ਹਿੰਦੀ ਕਵਿਤਾ ਗਾਇਨ: ਸੂਰਦਾਸ, ਮੀਰਾਂਬਾਈ, ਸੁਰੇਸ਼ ਚੰਦਰ ਵਾਤਸਾਇਨ, ਕੁਮਾਰ ਵਿਕਲ,ਦੇਵ ਰਾਜ ਦਿਨੇਸ਼, ਮਹਾਂਦੇਵੀ ਵਰਮਾ, ਸੂਰਯ ਕਾਂਤ ਤ੍ਰਿਪਾਠੀ ਨਿਰਾਲਾ, ਹਰਿਵੰਸ਼ ਰਾਏ ਬੱਚਨ, ਸੁਮਿਤਰਾ ਨੰਦਨ ਪੰਤ ਦੀਆਂ ਕਵਿਤਾਵਾਂ ਗਾਉਣ ਦੀ ਆਗਿਆ ਦਿੱਤੀ ਜਾਵੇਗੀ।
   3. ਇਨ੍ਹਾਂ ਮੁਕਾਬਲਿਆਂ ਵਿਚ ਕੋਈ ਅਜਿਹੀ ਰਚਨਾ ਨਹੀਂ ਗਾਈ ਜਾਵੇਗੀ ਜੋ ਸਮਾਜਿਕ, ਧਾਰਮਿਕ ਜਾਂ ਰਾਜਨੀਤਕ ਪੱਖ ਤੋਂ ਇਤਰਾਜ਼ਯੋਗ ਹੋਵੇ।

4. **ਸਮਾਂ ਅਤੇ ਸਥਾਨ**

   ਮੁਕਾਬਲੇ ਦੀ ਥਾਂ ਬਾਰੇ ਸੂਚਨਾ ਬਿਨੈਕਾਰਾਂ ਨੂੰ ਨਿਸ਼ਚਿਤ ਮਿਤੀ ਤੋਂ ਪਹਿਲਾਂ ਸਮੇਂ ਸਿਰ ਦਿੱਤੀ ਜਾਵੇਗੀ।

5. **ਪੇਸ਼ਕਾਰੀ**
   1. ਕਵਿਤਾ ਗਾ ਕੇ ਹੀ ਪੇਸ਼ ਕੀਤੀ ਜਾਣੀ ਹੋਵੇਗੀ।
   2. ਮੁਕਾਬਲੇ ਕੇਵਲ ਵਿਅਕਤੀਗਤ ਹੋਣਗੇ। ਸਮੂਹਿਕ ਗਾਇਨ ਵਰਜਿਤ ਹੈ।
   3. ਕਵਿਤਾ ਗਾਇਨ ਸਮੇਂ ਸੁਵਿਧਾ ਅਨੁਸਾਰ ਸਾਜ਼ਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਪ੍ਰੰਤੂ ਪਹਿਲ ਕੇਵਲ ਗਾਇਨ ਨੂੰ ਦਿੱਤੀ ਜਾਵੇਗੀ।
   4. ਮੁਕਾਬਲੇ ਵਿਚ ਭਾਗ ਲੈਣ ਵਾਲੇ ਹਰ ਪ੍ਰਤਿਯੋਗੀ ਨੂੰ ਆਪਣੀ ਕਵਿਤਾ ਗਾਇਨ ਕਰਨ ਲਈ ਘੱਟੋ ਘੱਟ ਤਿੰਨ ਮਿੰਟ ਅਤੇ ਵੱਧ ਤੋਂ ਵੱਧ ਪੰਜ ਮਿੰਟ ਦਾ ਸਮਾਂ ਦਿੱਤਾ ਜਾਵੇਗਾ।

Scanned with CamScanner

6. ਇਨਾਮ

ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਮੁਕਾਬਲੇ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲਿਆਂ ਨੂੰ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਜਾਣਗੇ।

| | ਜ਼ਿਲ੍ਹਾ ਪੱਧਰ | ਰਾਜ ਪੱਧਰ |
|---|---|---|
| ਪਹਿਲਾ ਇਨਾਮ | 1000/- ਰੁਪਏ | 2000/- ਰੁਪਏ |
| ਦੂਜਾ ਇਨਾਮ | 750/- ਰੁਪਏ | 1500/- ਰੁਪਏ |
| ਤੀਜਾ ਇਨਾਮ | 500/- ਰੁਪਏ | 1000/- ਰੁਪਏ |

ਮੁਕਾਬਲਿਆਂ ਵਿਚ ਦਿੱਤੀ ਜਾਣ ਵਾਲੀ ਇਨਾਮਾਂ ਦੀ ਰਕਮ ਨਗਦ ਜਾਂ ਭਾਸ਼ਾ ਵਿਭਾਗ, ਪੰਜਾਬ ਦੁਆਰਾ ਛਪੀਆਂ ਪੁਸਤਕਾਂ/ ਰਸਾਲਿਆਂ ਦੇ ਰੂਪ ਵਿਚ ਦਿੱਤੀ ਜਾਵੇਗੀ।

7. ਨਿਰਣਾ

ੳ. ਜੱਜਾਂ ਦਾ ਨਿਰਣਾ ਅੰਤਿਮ ਹੋਵੇਗਾ।

ਅ. ਨਿਰਣੇ ਸਮੇਂ ਕਵਿਤਾ ਦੀ ਚੋਣ, ਉਚਾਰਣ, ਸੁਰਤਾਲ, ਪੇਸ਼ਕਾਰੀ ਅਤੇ ਸਮੁੱਚੇ ਪ੍ਰਭਾਵ ਨੂੰ ਧਿਆਨ ਵਿਚ ਰੱਖਿਆ ਜਾਵੇਗਾ।

ੲ. ਮੁਕਾਬਲਿਆਂ ਸਬੰਧੀ ਕਿਸੇ ਵੀ ਵਾਦ-ਵਿਵਾਦ ਬਾਰੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਪ੍ਰਤਿਨਿਧ ਨੂੰ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਹੋਵੇਗਾ।

8. ਜ਼ਿਲ੍ਹਾ ਪੱਧਰ ਉਪਰੰਤ ਇਹ ਮੁਕਾਬਲੇ ਰਾਜ ਪੱਧਰ ਉਤੇ ਕਰਵਾਏ ਜਾਣਗੇ। ਇਸ ਵਿਚ ਕੇਵਲ ਉਹੀ ਵਿਦਿਆਰਥੀ ਭਾਗ ਲੈ ਸਕਣਗੇ ਜਿਨ੍ਹਾਂ ਨੇ ਆਪਣੇ ਜ਼ਿਲ੍ਹੇ ਦੇ ਮੁਕਾਬਲੇ ਵਿਚ ਪਹਿਲਾਂ ਇਨਾਮ ਪ੍ਰਾਪਤ ਕੀਤਾ ਹੋਵੇਗਾ।

9. ਹਿੱਸਾ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਵਿਭਾਗ ਵੱਲੋਂ ਕੋਈ ਵੀ ਸਫ਼ਰ ਖਰਚ ਜਾਂ ਰੋਜ਼ਾਨਾ ਭੱਤਾ ਨਹੀਂ ਦਿੱਤਾ ਜਾਵੇਗਾ।

10. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਉਕਤ ਨਿਯਮਾਂ ਵਿਚ ਕਿਸੇ ਵੀ ਸਮੇਂ ਲੋੜ ਅਨੁਸਾਰ ਸੋਧ ਕਰ ਸਕਦੇ ਹਨ।

ਸੰਯੁਕਤ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

Scanned with CamScanner

# ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

## ਪੰਜਾਬੀ/ਹਿੰਦੀ ਸਾਹਿਤ ਸਿਰਜਣ ਮੁਕਾਬਲੇ ਦੇ ਨਿਯਮ

1. ਮੁਕਾਬਲੇ ਵਿਚ ਮੈਟ੍ਰਿਕ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ, ਜਿਨ੍ਹਾਂ ਦੀ ਉਮਰ ਐਂਟਰੀ ਭੇਜਣ ਦੀ ਮਿਤੀ ਤੱਕ 17 ਸਾਲਾਂ ਤੋਂ ਵੱਧ ਨਾ ਹੋਵੇ।
2. ਉਮਰ ਅਤੇ ਸ਼੍ਰੇਣੀ ਸਬੰਧੀ ਜਾਣਕਾਰੀ ਸਕੂਲ ਦੇ ਮੁੱਖੀ ਦੁਆਰਾ ਤਸਦੀਕ ਕੀਤੀ ਹੋਈ ਚਾਹੀਦੀ ਹੈ।
3. ਐਂਟਰੀ ਫਾਰਮ ਆਪਣੇ ਜ਼ਿਲੇ ਦੇ ਜ਼ਿਲ੍ਹਾ ਭਾਸ਼ਾ ਅਫਸਰ/ਇੰਚਾਰਜ, ਪੰਜਾਬੀ ਸੈੱਲ, ਮਿੰਨੀ ਸਕੱਤਰੇਤ, ਚੰਡੀਗੜ੍ਹ ਜਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਦੇ ਦਫ਼ਤਰ ਤੋਂ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ।
4. ਅੰਤਿਮ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਐਂਟਰੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
5. ਐਂਟਰੀ ਨਿਸ਼ਚਿਤ ਫਾਰਮ ਤੇ ਹਰ ਪੱਖੋਂ ਮੁਕੰਮਲ ਹੋਣੀ ਚਾਹੀਦੀ ਹੈ।
6. ਮੁਕਾਬਲੇ ਵਿਚ ਮੌਕੇ ਤੇ ਹੀ ਦਿੱਤੇ ਵਿਸ਼ੇ/ਵਿਸ਼ਿਆਂ ਵਿਚੋਂ ਕਿਸੇ ਇੱਕ ਉੱਤੇ 300 ਸ਼ਬਦਾਂ ਤੱਕ ਦੀ ਕਵਿਤਾ, 600 ਸ਼ਬਦਾਂ ਦਾ ਲੇਖ ਅਤੇ ਕਹਾਣੀ ਲਿਖਣ ਲਈ ਆਖਿਆ ਜਾਵੇਗਾ।
7. ਮੁਕਾਬਲੇ ਦੀ ਥਾਂ ਅਤੇ ਮਿਤੀ ਬਾਰੇ ਸੂਚਨਾ ਸਬੰਧਤ ਜ਼ਿਲਾ ਭਾਸ਼ਾਂ ਅਧਿਕਾਰੀ ਰਾਹੀਂ ਬਿਨੈਕਾਰਾਂ ਨੂੰ ਨਿਸ਼ਚਿਤ ਮਿਤੀ ਤੋਂ ਪਹਿਲਾਂ ਸਮੇਂ ਸਿਰ ਦੇ ਦਿੱਤੀ ਜਾਵੇਗੀ।
8. ਜ਼ਿਲਾ ਪੱਧਰ ਤੇ ਪਹਿਲੇ ਅਤੇ ਦੂਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣਗੇ।
9. ਜ਼ਿਲ੍ਹਾ ਪੱਧਰ ਦੇ ਅਤੇ ਰਾਜ ਪੱਧਰ ਦੇ ਮੁਕਾਬਲਿਆਂ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਹਰ ਵੰਨਗੀ ਵਿਚ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਜਾਣਗੇ।

| | ਜ਼ਿਲ੍ਹਾ ਪੱਧਰ | ਰਾਜ ਪੱਧਰ |
|---|---|---|
| ਪਹਿਲਾ ਇਨਾਮ | 1000/- ਰੁਪਏ | 2000/- ਰੁਪਏ |
| ਦੂਜਾ ਇਨਾਮ | 750/- ਰੁਪਏ | 1500/- ਰੁਪਏ |
| ਤੀਜਾ ਇਨਾਮ | 500/- ਰੁਪਏ | 1000/- ਰੁਪਏ |

10. ਇਨਾਮਾਂ ਦੀ ਰਕਮ ਵਿਭਾਗੀ ਪ੍ਰਕਾਸ਼ਨਾਵਾਂ ਜਾਂ ਰਸਾਲਿਆਂ ਦੇ ਰੂਪ ਵਿਚ ਦਿੱਤੀ ਜਾਵੇਗੀ।
11. ਜ਼ਿਲਾ ਪੱਧਰ ਤੇ ਜੇਤੂ ਵਿਦਿਆਰਥੀਆਂ ਨੂੰ ਸਬੰਧਤ ਜ਼ਿਲ੍ਹਾ ਭਾਸ਼ਾ ਅਫ਼ਸ਼ਰ ਆਪਣੇ ਦਸਤਖਤਾਂ ਹੇਠ ਪ੍ਰਮਾਣ ਪੱਤਰ ਦੇਣਗੇ।
12. ਜੱਜਾਂ ਦਾ ਨਿਰਣਾ ਅੰਤਿਮ ਹੋਵੇਗਾ।
13. ਮੁਕਾਬਲਿਆਂ ਸਬੰਧੀ ਕਿਸੇ ਵੀ ਵਾਦ-ਵਿਵਾਦ ਬਾਰੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਪ੍ਰਤੀਨਿਧ ਨੂੰ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਹੋਵੇਗਾ।
14. ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਵਿਭਾਗ ਵੱਲੋਂ ਕੋਈ ਵੀ ਸਫਰ ਖਰਚ ਜਾਂ ਰੋਜ਼ਾਨਾ ਭੱਤਾ ਨਹੀਂ ਦਿੱਤਾ ਜਾਵੇਗਾ।
15. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਉਕਤ ਨਿਯਮਾਂ ਵਿਚ ਕਿਸੇ ਵੀ ਸਮੇਂ ਲੋੜ ਅਨੁਸਾਰ ਸੋਧ ਕਰ ਸਕਦੇ ਹਨ।

ਸੰਯੁਕਤ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

Scanned with CamScanner

ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵੱਲੋਂ ਕਰਵਾਏ ਜਾਣ ਵਾਲੇ ਪੰਜਾਬੀ/ਹਿੰਦੀ ਸਾਹਿਤ ਸਿਰਜਨ ਅਤੇ ਕਵਿਤਾ ਗਾਇਨ ਮੁਕਾਬਲਿਆਂ ਲਈ ਐਂਟਰੀ ਫਾਰਮ

| ਲੜੀ ਨੰ: | ਵਿਦਿਆਰਥੀ ਦਾ ਨਾਂ | | ਸਕੂਲ ਦਾ ਨਾਂ | ਪਿਤਾ ਦਾ ਨਾਂ | ਮਾਤਾ ਦਾ ਨਾਂ | ਸ਼੍ਰੇਣੀ | ਜਨਮ ਮਿਤੀ | ਫੋਨ ਨੰਬਰ | ਵਿਧਾ | ਸਕੂਲ ਦੀ ਈ-ਮੇਲ |
|---|---|---|---|---|---|---|---|---|---|---|
| | | | | | | | | | | |
| | | | | | | | | | | |
| | | | | | | | | | | |

Scanned with CamScanner